# ਨੈਨ ਸੰਤੋਖੇ ਪ੍ਰਭ ਦਰਸਨੁ ਪਾਇਆ

ਬਿਲਾਵਲੁ ਮਹਲਾ ੫ ॥

ਤਨੁ ਮਨੁ ਧਨੁ ਅਰਪਉ ਸਭੁ ਅਪਨਾ ॥

ਕਵਨ ਸੁ ਮਤਿ ਜਿਤੁ ਹਰਿ ਹਰਿ ਜਪਨਾ ॥੧॥

ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਇਹ ਸ਼ਬਦ, ਬਿਲਾਵਲ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ, ਜੋ ਪੰਨਾ ੮੦੪ ਤੇ ਅੰਕਤ ਹੈ।

ਇਨ੍ਹਾਂ ਪੰਕਤੀਆਂ ਵਿਚ ਸ੍ਰੀ ਗੁਰੂ ਅਰਜਨ ਸਾਹਿਬ ਜੀ ਸਮਝਾ ਰਹੇ ਹਨ ਕਿ ਨਾਮ ਸਿਮਰਨ ਨੂੰ ਹਿਰਦੇ ਵਿਚ ਵਸਾਉਣ ਦੀ ਦਾਤ ਦਾ ਇਤਨਾ ਵਡਾ ਮਹਾਤਮ ਹੈ, ਇਤਨਾ ਵਡਾ ਮੁਲ ਹੈ, ਜਿਸ ਦੇ ਵੱਟੇ ਵਿਚ ਦੁਨੀਆਂ ਦੀ ਵਡੀ ਤੋਂ ਵਡੀ ਨਿਆਮਤ, ਤੇ ਇਥੋਂ ਤਕ ਕਿ, ਆਪਣਾ ਆਪਾ ਵੀ ਕੁਰਬਾਨ ਕਰ ਦਿਤਾ ਜਾਵੇ ਤਾਂ ਵੀ ਘਟ ਹੈ। ਇਹ ਗੁਰੂ ਦੀ ਕਿਰਪਾ ਤੋਂ ਬਿਨਾਂ, ਕਿਸੇ ਸੂਰਤ ਵਿਚ ਵੀ, ਸੰਭਵ ਨਹੀਂ ਹੁੰਦਾ। ਤਾਂ ਹੀ ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਇਸ ਦਾ ਵਡਾ ਮੁਲ ਹੋਣ ਕਰਕੇ ਇਸ ਦਾ ਕੋਈ ਬਜ਼ਾਰ ਨਹੀਂ ਲਗਦਾ, ਇਸ ਦਾ ਕੋਈ ਪਾਰਖੂ ਨਹੀਂ ਮਿਲਦਾ, ਗਾਹਕ ਕੋਈ ਵਿਰਲਾ ਹੀ ਹੁੰਦਾ ਹੈ, ਕਿਉਂਕਿ ਇਸ ਦਾ, ਹਰ ਕੋਈ, ਮੁਲ ਨਹੀਂ ਪਾ ਸਕਦਾ, ਜਿਸ ਕਰਕੇ ਇਹ ਹਰ ਇਕ ਨੂੰ ਨਹੀਂ ਦਿਖਾਇਆ ਜਾਂ ਦਿਤਾ ਜਾ ਸਕਦਾ - 'ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍।। ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ।।', ਪੰਨਾ ੧੩੬੫. ਇਸ ਲਈ :

- - ਜਿਸ (ਗੁਰੂ/ਸਾਧੂ ) ਦੀ ਦਿਤੀ ਮਤ, ਬੁਧੀ ਦੁਆਰਾ ਮੈਂ ਵਾਹਗੁਰੂ ਵਾਹਗੁਰੂ... ਨਾਮ ਜਪਣ ਜੋਗੀ ਬਣ ਜਾਵਾਂ ,

- - ਉਸ ਦੇ ਅਗੇ ਮੈਂ ਆਪਣਾ ਸਾਰਾ ਤਨ, ਮਨ, ਧਨ ਅਤੇ ਸਭ ਕੁਝ ਹੀ ਸੌਂਪ ਦੇਵਾਂ।

ਇਸੇ ਕਰਕੇ ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਰਾਮ ਦਾ ਨਾਮ ਸਭ ਤੋਂ ਵਡਾ ਕੀਮਤੀ ਖਜ਼ਾਨਾ ਹੈ, ਜਿਸ ਨੂੰ ਕਿਸੇ ਵਿਰਲੇ ਮਹਾਨ ਵਿਅਕਤੀ, ਜੋ ਇਸਦੀ ਵਡੀ ਕੀਮਤ ਜਾਣਦਾ ਹੋਵੇ, ਉਸ ਅਗੇ ਹੀ, ਇਸ ਬਾਰੇ, ਮੂੰਹ ਖੋਲ੍ਹਣਾ ਚਾਹੀਦਾ ਹੈ, ਕਿਉਂਕਿ ਇਸ ਕੀਮਤੀ ਰਤਨ ਦਾ, ਕੋਈ ਵਿਰਲਾ ਹੀ ਗਾਹਕ

ਹੁੰਦਾ ਹੈ, ਜੋ ਇਸਦਾ ਵਡਾ ਮੁਲ ਤਾਰਣ ਦਾ ਹੀਆ ਅਤੇ ਸਮਰਥਾ ਰਖਦਾ ਹੋਵੇ - 'ਕਬੀਰ ਰਾਮ ਰਤਨੁ ਮੁਖੁ ਕੋਥਰੀ ਪਾਰਖ ਆਗੈ ਖੋਲਿ।। ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੋ ਮੋਲਿ।।' ਪੰਨਾ ੧੩੭੬. ਇਸ ਦਾ ਮੁਲ, ਬਹੁਤ ਵਡਾ ਹੈ, ਉਹ ਹੈ ਮਨ। ਮਨ ਸੌਂਪ ਦੇਣਾ, ਸਭ ਤੋਂ ਕਠਨ ਕੰਮ ਹੈ। ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ, ਇਥੋਂ ਤਕ ਕਿ, ਇਸ ਦਾ ਵੱਟਾ ਸੋਨੇ ਨਾਲ ਵੀ ਨਹੀਂ ਹੋ ਸਕਦਾ, ਇਸਦਾ ਮੁਲ ਤਾਂ ਮਨ ਹੀ ਹੋ ਸਕਦਾ ਹੈ - 'ਕੰਚਨ ਸਿਉ ਪਾਈਐ ਨਹੀ ਤੋਲਿ।। ਮਨੁ ਦੇ ਰਾਮੁ ਲੀਆ ਹੈ ਮੋਲਿ।।', ਪੰਨਾ ੩੨੭.

ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਅਨੁਸਾਰ ਜੀਵ ਰੂਪੀ ਇਸਤਰੀ, ਗੁਰ-ਸ਼ਬਦ, ਭਾਵ, ਨਾਮ ਦੇ ਪ੍ਰੇਮ ਦੀ ਦਾਤ ਬਦਲੇ, ਆਪਣਾ ਮਨ ਤਨ, ਆਪਣੇ ਗੁਰੂ ਕੰਤ, ਪਤੀ ਨੂੰ ਸੌਂਪ ਦੇਵੇ ਅਤੇ ਉਸ ਦਾ ਹਰ ਹੁਕਮ ਮੰਨਣ ਨੂੰ ਤਿਆਰ ਹੋਵੇ - 'ਮਨੁ ਤਨੁ ਸਉਪੇ ਕੰਤ ਕਉ ਸਬਦੇ ਧਰੇ ਪਿਆਰੁ।।' ਪੰਨਾ ੮੯. ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਇਹ ਨਾਮ ਰੂਪੀ ਅਕੱਥ ਕਹਾਣੀ, ਸਚੇ ਗੁਰੂ ਦੇ ਦੁਆਰ ਤੋਂ, ਉਸੇ ਨੂੰ ਮਿਲਦੀ ਜਾਂ ਮਿਲ ਸਕਦੀ ਹੈ, ਜੋ ਉਸ ਨੂੰ ਤਨ, ਮਨ, ਧਨ ਆਦਿ ਸਭ ਕੁਝ ਸੌਂਪ ਦੇਵੇ ਅਤੇ ਪੂਰਣ ਤੌਰ ਤੇ ਉਸਦਾ ਹਰ ਹੁਕਮ ਮੰਨੇ - 'ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ।।' ਪੰਨਾ ੯੧੮.

ਕਰਿ ਆਸਾ ਆਇਓ ਪ੍ਰਭ ਮਾਗਨਿ ॥

ਤੁਮ੍ ਪੇਖਤ ਸੋਭਾ ਮੇਰੈ ਆਗਨਿ ॥੧॥ ਰਹਾਉ ॥

-- ਹੇ ਮੇਰੇ ਗੁਰੂ ! ਮੈਂ ਬਹੁਤ ਆਸ ਰਖ ਕੇ ਤੇਰੇ ਦੁਆਰੇ ਤੇ, ਪ੍ਰਭੂ ਮੰਗਣ ਆਈ ਹਾਂ,

ਪਰ ਇਹ ਆਸ ਉਹੀ ਰਖੇ ਜੋ ਤਨ, ਮਨ, ਧਨ ਸੌਂਪਣ ਦੀ ਹਿੰਮਤ ਕਰੇ, ਜਿਵੇਂ ਕਿ ਉਪਰ ਦਸਿਆ ਜਾ ਚੁਕਿਆ ਹੈ।

-- ਤੇਰੇ ਤਾਂ ਦਰਸ਼ਨ ਮਾਤਰ ਨਾਲ ਹੀ, ਮੇਰੇ ਵਿਹੜੇ ਦੀ ਸੋਭਾ ਬਣ ਜਾਂਦੀ ਹੈ। ਭਾਵ, ਤੇਰੇ ਦਰਸ਼ਨਾਂ ਨਾਲ ਮੇਰਾ ਘਰ, ਮੇਰਾ ਹਿਰਦਾ, ਦੋਵੇਂ ਖਿੜ ਉਠਦੇ ਹਨ।੧।ਰਹਾਉ।

ਸ੍ਰੀ ਗੁਰੂ ਨਾਨਕ ਸਾਹਿਬ ਦਾ, ਪੰਨਾ ੫੦੩ ਤੇ, ਫ਼ੁਰਮਾਣ ਹੈ ਕਿ ਸਭ ਇਛਾਵਾਂ ਦੀ ਪੂਰਤੀ ਕਰਣ ਵਾਲਾ, ਹਰੀ ਪ੍ਰਭੂ ਰੂਪੀ ਪਾਰਜਾਤ ਰੁਖ, ਮੇਰੇ ਆਂਗਨ ਵਿਚ ਆਇਆ ਹੈ, ਸਾਰੇ ਫੁਲ ਪਤੇ ਡਾਲੀਆਂ, ਉਸੇ ਦਾ ਹੀ ਹਿਸਾ ਹੋਣ ਕਰਕੇ, ਮੇਰੇ

ਘਰ ਨੂੰ ਸ਼ੋਭਨੀਕ ਬਣਾ ਰਹੀਆਂ ਹਨ - 'ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ।।' ਸ੍ਰੀ ਗੁਰੂ ਅਰਜਨ ਸਾਹਿਬ, ਪ੍ਰਭੂ ਦੇ ਆਉਣ ਤੇ, ਅਤੇ ਉਸ ਦੇ ਚਰਣ ਪਰਸਣ ਤੇ ਅਤਿਅੰਤ ਖੁਸ਼ੀ ਪ੍ਰਗਟ ਕਰਦੇ ਹੋਏ ਫ਼ੁਰਮਾਣ ਕਰਦੇ ਹਨ ਕਿ ਇੰਵ ਮੇਰਾ ਘਰ ਇਕ ਸੁੰਦਰ ਬਾਗ ਬਣ ਗਿਆ ਹੈ ਅਤੇ ਉਸ ਵਿਚ (ਅੰਮ੍ਰਿਤ ਦਾ) ਸੋਹਣਾ ਬਾਗ਼ ਤੇ ਤਾਲ ਵੀ ਬਣ ਗਏ ਹਨ - 'ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ ਪ੍ਰਭ ਪਰਸੇ ਹਰਿ ਰਾਇਆ ਰਾਮ।।', ਪੰਨਾ ੭੮੨.

ਅਨਿਕ ਜੁਗਤਿ ਕਰਿ ਬਹੁਤੁ ਬੀਚਾਰਉ ॥

ਸਾਧਸੰਗਿ ਇਸੁ ਮਨਹਿ ਉਧਾਰਉ ॥੨॥

-- ਮੈਂ ਅਨੇਕਾਂ ਹੀ ਢੰਗ ਨਾਲ ਵਿਚਾਰ ਕੇ ਵੇਖ ਲਿਆ ਹੈ, ਤੱਤ ਇਹੀ ਨਿਕਲਿਆ ਹੈ ਕਿ

-- ਮੈਂ ਆਪਣੇ ਇਸ ਮਨ ਦਾ ਉਧਾਰ, ਸਿਰਫ਼ ਸਾਧੂ ਦੀ ਸੰਗਤ ਕੀਤਿਆਂ ਹੀ ਕਰਵਾ ਸਕਦਾ ਹਾਂ।੨।

ਪਾਤਸ਼ਾਹ, ੨੧੪ ਪੰਨੇ ਤੇ ਫ਼ੁਰਮਾਣ ਕਰਦੇ ਹਨ ਕਿ ਆਪਣੀ ਸਿਆਣਪ ਨਾਲ ਕੀਤੇ ਧਰਮ ਕਰਮ ਤਾਂ ਸਗੋਂ ਬੰਧਨ ਵਿਚ ਹੀ ਪਾਉਂਦੇ ਹਨ, ਸਾਧੂ ਦੇ ਸਿਰ ਤੇ ਹਥ ਰਖਣ ਨਾਲ ਹੀ ਪ੍ਰਾਪਤੀ ਸੰਭਵ ਹੈ - 'ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ।। **ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤਿ ਭਏ।।**' ਪਾਤਸ਼ਾਹ, ਪੰਨਾ ੫੦੧ ਤੇ ਵੀ ਫ਼ੁਰਮਾਣ ਕਰਦੇ ਹਨ ਕਿ ਮੁਕਤੀ ਪ੍ਰਾਪਤ ਕਰਨ ਦੀ ਜੁਗਤੀ ਸਿਰਫ਼, ਸਾਧੂ ਦੇ ਚਰਨਾਂ ਦੀ ਧੂੜ ਵਿਚ ਹੈ, ਜਿਥੋਂ, ਦਾਸ ਨਾਨਕ ਨੇ ਇਹ ਖਜ਼ਾਨਾ ਲਿਆ ਹੈ - 'ਮੁਕਤਿ ਜੁਗਤਿ ਰਵਾਲ ਸਾਧੂ ਨਾਨਕ ਹਰਿ ਨਿਧਿ ਲਹੀ।।'

ਮਤਿ ਬੁਧਿ ਸੁਰਤਿ ਨਾਹੀ ਚਤੁਰਾਈ ॥

ਤਾ ਮਿਲੀਐ ਜਾ ਲਏ ਮਿਲਾਈ ॥੩॥

-- ਆਪਣੀ ਕਿਸੇ ਵੀ ਤਰ੍ਹਾਂ ਦੀ ਮੱਤ, ਅਕਲ ਜਾਂ ਸੁਰਤਿ ਰਾਹੀਂ ਜਾਂ ਸਿਆਣਪ ਰਾਹੀਂ ਉਸ ਪਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ।

-- ਇਹ ਸਿਰਫ਼ ਤੇ ਸਿਰਫ਼, ਤਾਂ ਹੀ ਸੰਭਵ ਹੈ ਜੇ ਸਾਧੂ ਆਪ

ਹੀ ਇਹ ਮਿਲਾਪ ਕਰਵਾ ਦੇਵੇ।੩।

ਇਸੇ ਕਰਕੇ, ਪੰਚਮ ਪਾਤਸ਼ਾਹ ਦਾ, ਪੰਨਾ ੨੫੫ ਤੇ, ਫ਼ੁਰਮਾਣ ਹੈ ਕਿ ਸਾਰੀ ਸਿਆਣਪ ਛਡ ਕੇ ਸੰਤ ਜਨਾਂ ਦਾ ਆਸਰਾ ਫੜਨਾ ਚਾਹੀਦਾ ਹੈ, ਸੰਤ, ਜਿਸ ਮਿਟੀ ਦੇ ਪੁਤਲੇ ਦੀ ਮਦਦ ਕਰ ਦਿੰਦੇ ਹਨ, ਉਹ ਹੀ ਪਰਮ ਗਤੀ ਪ੍ਰਾਪਤ ਕਰ ਲੈਂਦੇ ਹਨ - 'ਛਾਡਿ ਸਿਆਨਪ ਬਹੁ ਚਤੁਰਾਈ।। ਸੰਤਨ ਕੀ ਮਨ ਟੇਕ ਟਿਕਾਈ।। ਛਾਰੁ ਕੀ ਪੁਤਰੀ ਪਰਮ ਗਤਿ ਪਾਈ।। ਨਾਨਕ ਜਾ ਕਉ ਸੰਤ ਸਹਾਈ।।'

ਨੈਨ ਸੰਤੋਖੇ ਪ੍ਰਭ ਦਰਸਨੁ ਪਾਇਆ ॥

ਕਹੁ ਨਾਨਕ ਸਫਲੁ ਸੋ ਆਇਆ ॥੪॥੪॥੯॥

-- ਜਿਸ ਨੂੰ ਸਾਧੂ ਦੀ ਕਿਰਪਾ ਨਾਲ ਉਸ ਦਾ ਦਰਸ਼ਨ ਮਿਲ ਗਿਆ, ਤਾਂ ਉਸ ਦੇ ਨੈਣ ਚੰਗੀ ਤਰ੍ਹਾਂ ਰੱਜ ਗਏ ਹਨ, ਉਨ੍ਹਾਂ ਨੂੰ ਸੰਤੋਖ ਮਿਲ ਗਿਆ ਹੈ।

-- ਅਤੇ ਉਸ ਦਾ, ਇਸ ਜਗ ਵਿਚ, ਆਇਆ ਸਫ਼ਲਾ ਹੋ ਜਾਂਦਾ ਹੈ।

ਪੰਜਵੇਂ ਪਾਤਸ਼ਾਹ, ਪੰਨਾ ੪੫੨ ਤੇ, ਪ੍ਰਭੂ ਦੇ ਨੈਣਾਂ ਨਾਲ ਦਰਸ਼ਨ ਕਰ ਕੇ ਅਤਿਅੰਤ ਅਨੰਦ ਦਾ ਪ੍ਰਗਟਾਅ ਕਰਦੇ ਹਨ - 'ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ।।' ਅਗੋਂ, ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਨੂੰ ਇਨ੍ਹਾਂ ਨੈਣਾਂ ਨਾਲ ਵੇਖ ਕੇ ਉਨ੍ਹਾਂ ਦਾ ਮਨ, ਪ੍ਰਭੂ ਨਾਲ ਪਸੀਜ ਗਿਆ ਹੈ - 'ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਸੋ ਪ੍ਰਭੁ ਨੈਣੀ ਡੀਠਾ।।' ਦਰਸ਼ਨ ਕਰਨ ਅਤੇ ਗੁਰੂ/ਪਾਰਬ੍ਰਹਮ ਦੇ ਨਿਕਟ ਆ ਜਾਣ ਨੂੰ, ਜਾਣ ਲੈਣ ਨਾਲ ਜਨਮ ਸਫ਼ਲ ਹੋ ਜਾਂਦਾ ਹੈ, ਨਿਕਟ ਹੋ ਕੇ, ਇੰਞ ਸਾਧੂ ਦੇ ਭੇਟਣ/ਇਕ ਮਿਕ ਹੋ ਜਾਣ ਨਾਲ, ਜੇ ਉਸਦੀ ਧੂੜ ਮਿਲ ਜਾਏ ਤਾਂ ਹਰੀ ਪ੍ਰਭੂ ਨਾਲ ਲਿਵ ਜੁੜ ਜਾਂਦੀ ਹੈ। ਅਜਿਹਾ ਹੀ ਫ਼ੁਰਮਾਣ, ਪਾਤਸ਼ਾਹ ਜੀ, ੧੯੩ ਪੰਨੇ ਤੇ, ਕਰਦੇ ਹਨ - 'ਸਫਲ ਜਨਮੁ ਹੋਵੈ ਪਰਵਾਣੁ।। ਗੁਰੁ ਪਾਰਬ੍ਰਹਮੁ ਨਿਕਟਿ ਕਰਿ ਜਾਣੁ।। ਸੰਤ ਧੂਰਿ ਪਾਈਐ ਵਡਭਾਗੀ।। ਨਾਨਕ ਗੁਰ ਭੇਟਤ ਹਰਿ ਸਿਉ ਲਿਵ ਲਾਗੀ।।'

15.8.2020